# ਪੰਜਾਬੀ ਸ਼ਬਦ-ਜੋੜ

**ਵਿਦਿਆਰਥੀ ਐਡੀਸ਼ਨ**

ਉਪਰਾਲਾ :

ਜਗਤਾਰ ਸਿੰਘ ਸੋਖੀ

ਜਗਸੀਰ ਸਿੰਘ (ਪ੍ਰੀਤ ਜੋਗੀ)

ਲੇਖਕ-ਪਾਠਕ ਮੰਚ ਮੁੱਦਕੀ

(ਫ਼ਿਰੋਜ਼ਪੁਰ)



Scanned by CamScanner

# ਆਪਣੇ ਵੱਲੋਂ

ਹਰ ਭਾਸ਼ਾ ਨੂੰ ਸਿੱਖਣ ਦੇ ਚਾਰ ਨਿਯਮ ਸੁਣਨਾ, ਬੋਲਣਾ, ਪੜ੍ਹਨਾ ਅਤੇ ਲਿਖਣਾ ਹਨ, ਇਹਨਾਂ ਚਾਰਾਂ ਨਿਯਮਾਂ ਵਿੱਚ ਭਾਸ਼ਾ ਦੇ ਸ਼ੁੱਧ ਉਚਾਰਨ ਅਤੇ ਸ਼ਬਦ ਜੋੜਾਂ ਦੀ ਬਹੁਤ ਮਹੱਤਤਾ ਹੈ। ਗ਼ਲਤ ਸ਼ਬਦ ਜੋੜ ਨਾਲ਼ ਲਿਖਤ ਦਾ ਮੂਲ ਪ੍ਰਭਾਵ ਖ਼ਤਮ ਹੋ ਜਾਂਦਾ ਹੈ। ਇਲਾਕਾਈ ਭਿੰਨਤਾਵਾਂ ਦੇ ਨਾਲ਼ ਭਾਵੇਂ ਉਚਾਰਨ ਵਿੱਚ ਫ਼ਰਕ ਪੈਂਦਾ ਹੈ ਪਰ ਫਿਰ ਵੀ ਭਾਸ਼ਾ ਦੀ ਇਕਸਾਰਤਾ ਨੂੰ ਬਣਾਈ ਰੱਖਣ ਵਾਸਤੇ ਸ਼ਬਦਾਂ ਦੇ ਪ੍ਰਮਾਣਿਕ ਸ਼ੁੱਧ ਸ਼ਬਦ-ਜੋੜ ਲਈ ਜੋ ਨਿਯਮ ਬਣਾਏ ਗਏ ਹਨ, ਉਹਨਾਂ ਨੂੰ ਵਿਦਿਆਰਥੀਆਂ ਦੇ ਸਨਮੁੱਖ ਕਰਨ ਦਾ ਜਤਨ ਕੀਤਾ ਗਿਆ ਹੈ। ਇਹਨਾਂ ਨੂੰ ਧਿਆਨ ਨਾਲ਼ ਪੜ੍ਹ ਕੇ ਅਸੀਂ ਸ਼ਬਦ ਜੋੜਾਂ ਨੂੰ ਸ਼ੁੱਧ ਰੂਪ ਵਿੱਚ ਲਿਖ ਸਕਦੇ ਹਾਂ। ਅੱਜ ਵਿਦਿਆਰਥੀਆਂ ਨੂੰ ਠੀਕ ਸ਼ਬਦ-ਜੋੜਾਂ ਦੀ ਵਰਤੋਂ ਬਾਰੇ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ ਅਤੇ ਇਹ ਸਮੇਂ ਦੀ ਲੋੜ ਵੀ ਹੈ।



Scanned by CamScanner

ਲੇਖਕ-ਪਾਠਕ ਮੰਚ ਮੁੱਦਕੀ (ਫ਼ਿਰੋਜ਼ਪੁਰ) ਵੱਲੋਂ ਸਕੂਲਾਂ ਵਿੱਚ ਬਾਲ-ਮੇਲੇ ਕਰਵਾ ਕੇ ਨੰਨ੍ਹੇ ਬਾਲਾਂ ਨੂੰ ਸ਼ਬਦ ਨਾਲ਼ ਜੋੜਨ ਦੀ ਇੱਕ ਮੁਹਿੰਮ ਵਿੱਢੀ ਹੋਈ ਹੈ। ਬਾਲਾਂ ਅਤੇ ਵੱਡਿਆਂ ਨੂੰ ਸ਼ੁੱਧ ਪੰਜਾਬੀ ਲਿਖਣ, ਬੋਲਣ ਅਤੇ ਸੁਣਨ ਲਈ ਪ੍ਰੇਰਿਆ ਜਾਂਦਾ ਹੈ। ਮੰਚ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਹੀ ਇਹ ਪੁਸਤਕ ਪੰਜਾਬੀ ਪਿਆਰਿਆਂ ਅਤੇ ਸਕੂਲਾਂ ਵਿੱਚ ਮੁਫ਼ਤ ਵੰਡੀ ਜਾ ਰਹੀ ਹੈ। ਲਿਖਾਈ ਪ੍ਰਤੀ ਵਿਸ਼ੇਸ਼ ਧਿਆਨ ਨੂੰ ਮੁੱਖ ਰੱਖਦਿਆਂ ਪ੍ਰੇਰਨਾ ਦੇਣ ਲਈ ਹੀ ਇਸ ਨੂੰ ਹੱਥ ਲਿਖਤ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਮੈਂ ਆਪਣੇ ਸਾਥੀਆਂ ਪ੍ਰੀਤ ਜੱਗੀ ਅਤੇ ਭਿੰਦਰ ਗਿੱਲ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਇਸ ਕਾਰਜ ਲਈ ਕਦਮ ਕਦਮ ਤੇ ਸਾਥ ਦਿੱਤਾ। ਪੰਜਾਬੀ ਸਾਹਿਤ ਸਭਾ ਨਵੀਂ ਦਿਲੀ ਅਤੇ ਸ੍ਰ. ਰਛਪਾਲ ਸਿੰਘ ਬੱਧਣ ਵੱਲੋਂ ਦਿੱਤੇ ਵਿਸ਼ੇਸ਼ ਸਹਿਯੋਗ ਲਈ ਧੰਨਵਾਦ।

ਜਗਤਾਰ ਸਿੰਘ ਸੋਖੀ
ਪੰਜਾਬੀ ਮਾਸਟਰ
ਸ.ਮਿ.ਸ. ਕੱਬਰਵੱਛਾ (ਫ਼ਿਰੋਜ਼ਪੁਰ)
੯੪੧੭੧-66386.



Scanned by CamScanner

ਗੁਰਮੁਖੀ ਲਿਪੀ ਦੇ 35 ਵਰਨ ਹੋਣ ਕਰਕੇ ਇਸ ਨੂੰ ਪੈਂਤੀ ਕਿਹਾ ਜਾਂਦਾ ਹੈ। ਅਰਬੀ ਫ਼ਾਰਸੀ ਦੀਆਂ ਕੁਝ ਅਵਾਜ਼ਾਂ ਨੂੰ ਗੁਰਮੁਖੀ ਵਿੱਚ ਇੰਨ-ਬਿੰਨ ਉਸੇ ਤਰ੍ਹਾਂ ਪ੍ਰਗਟਾਉਣ ਲਈ ਵਿਦਵਾਨਾਂ ਨੇ ਅੰਗਰੇਜ਼ੀ ਰਾਜ ਸਮੇਂ ਪੰਜ ਅੱਖਰਾਂ (ਸ਼,ਖ਼,ਗ਼,ਜ਼ ਤੇ ਫ਼) ਪੈਰ ਬਿੰਦੀ ਲਾ ਕੇ ਇਹਨਾਂ ਦੀ ਗਿਣਤੀ 40 ਕਰ ਦਿੱਤੀ। ਪੰਜਾਬ ਦੀ ਵੰਡ ਤੋਂ ਬਾਅਦ ਪੰਜਾਬ ਭਾਸ਼ਾ ਵਿਭਾਗ ਪਟਿਆਲਾ ਨੇ 'ਲ' ਦੀ ਤਾਲਵੀਂ ਅਵਾਜ਼ ਲਈ 'ਲ਼' ਲਿਖਣ ਲਈ ਪ੍ਰੇਰਿਆ ਤੇ ਵਰਨਮਾਲਾ ਦੀ ਕੁੱਲ ਗਿਣਤੀ 41 ਹੋ ਗਈ।

| | | | | | | |
|---|---|---|---|---|---|---|
| ਮੁੱਖ ਵਰਗ | ੳ | ਅ | ੲ | ਸ | ਹ | |
| ਕ ਵਰਗ | ਕ | ਖ | ਗ | ਘ | ਙ | |
| ਚ ਵਰਗ | ਚ | ਛ | ਜ | ਝ | ਞ | |
| ਟ ਵਰਗ | ਟ | ਠ | ਡ | ਢ | ਣ | |
| ਤ ਵਰਗ | ਤ | ਥ | ਦ | ਧ | ਨ | |
| ਪ ਵਰਗ | ਪ | ਫ | ਬ | ਭ | ਮ | |
| ਅੰਤਿਮ ਵਰਗ | ਯ | ਰ | ਲ | ਵ | ੜ | |
| ਨਵੀਨ ਵਰਗ | ਸ਼ | ਖ਼ | ਗ਼ | ਜ਼ | ਫ਼ | ਲ਼ |



Scanned by CamScanner

# ਵਰਨ ਭੇਦ

ਗੁਰਮੁਖੀ ਲਿਪੀ ਵਿੱਚ ਅੱਖਰ ਜਾਂ ਵਰਨ 4 ਤਰ੍ਹਾਂ ਦੇ ਹੁੰਦੇ ਹਨ -

1. ਸ੍ਵਰ - ਉਹ ਅੱਖਰ ਜਿਹੜੇ ਦੂਸਰੇ ਅੱਖਰ ਦੀ ਸਹਾਇਤਾ ਤੋਂ ਬਿਨਾਂ ਬੋਲੇ ਜਾਣ, ਸ੍ਵਰ ਅਖਵਾਉਂਦੇ ਹਨ। ਪੰਜਾਬੀ ਭਾਸ਼ਾ ਵਿੱਚ ਤਿੰਨ ਸ੍ਵਰ ਹਨ - 'ੳ', 'ਅ' ਅਤੇ 'ੲ'।

2. ਵਿਅੰਜਨ - ਜਿਨ੍ਹਾਂ ਅੱਖਰਾਂ ਦਾ ਉਚਾਰਨ ਕਿਸੇ ਹੋਰ ਅੱਖਰ ਦੀ ਸਹਾਇਤਾ ਤੋਂ ਬਿਨਾਂ ਨਾ ਹੋ ਸਕੇ, ਵਿਅੰਜਨ ਅਖਵਾਉਂਦੇ ਹਨ। ਪੰਜਾਬੀ ਵਿੱਚ 'ਸ' ਤੋਂ 'ੜ' ਤੱਕ ਇਹ ਕੁੱਲ 32 ਹਨ।

3. ਅਨੁਨਾਸਿਕ - ਜਿਨ੍ਹਾਂ ਅੱਖਰਾਂ ਦਾ ਉਚਾਰਨ ਨੱਕ ਰਾਹੀਂ ਹੋਵੇ, ਉਹਨਾਂ ਨੂੰ ਅਨੁਨਾਸਿਕ ਅੱਖਰ ਕਿਹਾ ਜਾਂਦਾ ਹੈ। ਪੰਜਾਬੀ ਵਿੱਚ ਪੰਜ ਅੱਖਰ ਅਨੁਨਾਸਿਕ ਹਨ (ਙ, ਞ, ਣ, ਮ ਅਤੇ ਨ)

4. ਦੁੱਤ - ਜਿਹੜੇ ਅੱਖਰ ਵਿਅੰਜਨਾਂ ਦੇ ਪੈਰਾਂ 'ਚ ਲਿਖੇ ਜਾਣ ਅਤੇ ਰਲ੍ਹਕੇ ਇੱਕ ਅਵਾਜ਼ ਪੈਦਾ ਕਰਨ, ਉਹਨਾਂ ਨੂੰ ਦੁੱਤ ਅੱਖਰ ਆਖਦੇ ਹਨ। ਪੰਜਾਬੀ ਵਿੱਚ ਤਿੰਨ ਦੁੱਤ ਅੱਖਰ 'ਰ', 'ਹ' ਅਤੇ 'ਵ' ਹਨ।



Scanned by CamScanner

# ਲਗਾਂ

ਉਹ ਚਿੰਨ੍ਹ ਜਿਨ੍ਹਾਂ ਦੀ ਮਦਦ ਨਾਲ਼ ਅੱਖਰਾਂ ਦਾ ਉਚਾਰਨ ਹੁੰਦਾ ਹੈ, ਉਹਨਾਂ ਨੂੰ ਲਗਾਂ ਕਹਿੰਦੇ ਹਨ। ਲਗਾਂ ਤੋਂ ਬਗੈਰ ਅੱਖਰ ਕੋਈ ਅਵਾਜ਼ ਪ੍ਰਗਟ ਨਹੀਂ ਕਰਦਾ। ਗੁਰਮੁਖੀ ਵਿੱਚ 10 ਲਗਾਂ ਹਨ-

| ਲੜੀ ਨੰ: | ਲਗਾਂ ਦਾ ਨਾਂ | ਚਿੰਨ੍ਹ |
|---|---|---|
| 1. | ਮੁਕਤਾ | ਕੋਈ ਚਿੰਨ੍ਹ ਨਹੀਂ ਹੈ |
| 2. | ਕੰਨਾ | ◌ਾ |
| 3. | ਸਿਹਾਰੀ | ਿ◌ |
| 4. | ਬਿਹਾਰੀ | ◌ੀ |
| 5. | ਔਂਕੜ | ◌ੁ |
| 6. | ਦੁਲੈਂਕੜ | ◌ੂ |
| 7. | ਲਾਂ | ◌ੇ |
| 8 | ਦੁਲਾਵਾਂ | ◌ੈ |
| 9. | ਹੋੜਾ | ◌ੋ |
| 10 | ਕਨੌੜਾ | ◌ੌ |

'ੳ' ਅਤੇ 'ੲ' ਤੋਂ ਇਲਾਵਾ ਬਾਕੀ ਦੇ ਸਾਰੇ ਅੱਖਰ 'ਮੁਕਤਾ' ਰੂਪ ਵਿੱਚ ਵਰਤੇ ਜਾ ਸਕਦੇ ਹਨ।



Scanned by CamScanner

'ੳ' ਨਾਲ਼ ਤਿੰਨ ਲਗਾਂ ਲਗਦੀਆਂ ਹਨ - ਔਂਕੜ, ਦੁਲੈਂਕੜ ਅਤੇ ਹੋੜਾ। ਹੋੜਾ ਲਾਉਣ ਵੇਲੇ 'ੳ' ਦਾ ਮੂੰਹ (ਓ) ਖੁੱਲ੍ਹਾ ਰੱਖਿਆ ਜਾਂਦਾ ਹੈ। ਪੰਜਾਬੀ ਦਾ ਇਹ ਇੱਕੋ ਇੱਕ ਅੱਖਰ ਹੈ ਜਿਸ ਦੀ ਬਣਤਰ ਕੋਈ ਲਗ ਲਗਾਉਣ ਨਾਲ਼ ਬਦਲ ਜਾਂਦੀ ਹੈ ਜਿਵੇਂ ਓਟ, ਓਮ ਆਦਿ।

'ਅ' ਮੁਕਤਾ ਵੀ ਲਿਖਿਆ ਜਾ ਸਕਦਾ ਹੈ ਅਤੇ ਇਸ ਨਾਲ਼ ਤਿੰਨ ਹੋਰ ਲਗਾਂ (ਕੰਨਾ, ਦੁਲਾਵਾਂ ਅਤੇ ਕਨੌੜਾ) ਲਗਦੀਆਂ ਹਨ।

ਪੰਜਾਬੀ ਵਿੱਚ 'ੲ' ਨੂੰ ਮੁਕਤਾ ਨਹੀਂ ਲਿਖਿਆ ਜਾਂਦਾ। ਇਸ ਨਾਲ਼ ਕੇਵਲ ਤਿੰਨ ਲਗਾਂ (ਸਿਹਾਰੀ, ਬਿਹਾਰੀ ਅਤੇ ਲਾਂ) ਲਗਦੀਆਂ ਹਨ।

'ਸ' ਤੋਂ ਲੈ ਕੇ 'ੜ' ਤੱਕ ਸਾਰੇ ਵਿਅੰਜਨਾਂ ਨਾਲ਼ ਸਾਰੀਆਂ ਲਗਾਂ ਲਗਦੀਆਂ ਹਨ। ਇਹਨਾਂ ਦਾ ਵੇਰਵਾ ਇਸ ਤਰ੍ਹਾਂ ਹੈ -

ਮੁਕਤਾ - ਜਿਸ ਅੱਖਰ ਨੂੰ ਕੋਈ ਲਗ ਨਹੀਂ ਲਗਦੀ, ਉਸ ਨੂੰ ਮੁਕਤਾ ਅੱਖਰ ਕਿਹਾ ਜਾਂਦਾ ਹੈ।

ਕੰਨਾ (ਾ) ਇਹ ਆ ਦੀ ਅਵਾਜ਼ ਦਿੰਦਾ ਹੈ ਅਤੇ ਅੱਖਰ ਦੇ ਪਿੱਛੇ ਲੱਗਦਾ ਹੈ। ਇਸ ਦੀ ਲੰਬਾਈ ਅੱਖਰ



Scanned by CamScanner

ਤੋਂ ਅੱਧੀ ਹੁੰਦੀ ਹੈ।
ਸਿਹਾਰੀ (ਿ) ਇਹ 'ਇ' ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਤੋਂ ਪਹਿਲਾਂ ਲੱਗਦੀ ਹੈ।
ਬਿਹਾਰੀ (ੀ) ਇਹ 'ਈ' ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਦੇ ਪਿੱਛੇ ਲੱਗਦੀ ਹੈ।
ਔਂਕੜ(ੁ) ਇਹ ਲਗ (ਉ) ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਦੇ ਹੇਠਾਂ ਲੱਗਦੀ ਹੈ।
ਦੁਲੈਂਕੜੇ (ੂ) ਇਹ ਲਗ (ਊ) ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਦੇ ਹੇਠਾਂ ਲੱਗਦੀ ਹੈ।
ਲਾਂ (ੇ) ਇਹ 'ਏ' ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਦੇ ਉੱਤੇ ਲੱਗਦੀ ਹੈ।
ਦੁਲਾਵਾਂ (ੈ) ਇਹ ਐ ਦੀ ਅਵਾਜ਼ ਦਿੰਦੀ ਹੈ ਅਤੇ ਅੱਖਰ ਦੇ ਉੱਤੇ ਲੱਗਦੀ ਹੈ।
ਹੋੜਾ (ੋ) ਇਹ ਲਗ 'ਓ' ਦੀ ਅਵਾਜ਼ ਦਿੰਦੀ ਹੈ। ਇਹ ਅੱਖਰ ਦੇ ਉਪਰ ਲੱਗਦਾ ਹੈ।
ਕਨੌੜਾ (ੌ) ਇਹ ਲਗ 'ਔ' ਦੀ ਅਵਾਜ਼ ਦਿੰਦੀ ਹੈ। ਇਹ ਅੱਖਰ ਦੇ ਉਪਰ ਲੱਗਦਾ ਹੈ।

ਇਸ ਪੁਸਤਕ ਨੂੰ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਕੇ ਪੰਜਾਬੀ ਮਾਂ-ਬੋਲੀ ਦੀ ਸੇਵਾ ਕਰਨ ਦਾ ਸੁਭਾਗ ਪ੍ਰਾਪਤ ਕਰੋ ਜੀ।



Scanned by CamScanner

# ਲਗਾਖਰ

ਪੰਜਾਬੀ ਭਾਸ਼ਾ ਨੂੰ ਸ਼ੁੱਧ ਰੂਪ ਵਿੱਚ ਲਿਖਣ ਜਾਂ ਬੋਲਣ ਲਈ ਲਗਾਂ ਮਾਤਰਾ ਦੇ ਨਾਲ ਵਰਤੇ ਜਾਂਦੇ ਚਿੰਨ੍ਹਾਂ ਨੂੰ ਲਗਾਖਰ ਕਿਹਾ ਜਾਂਦਾ ਹੈ। ਇਹ ਤਿੰਨ ਹਨ (ਬਿੰਦੀ,ਟਿੱਪੀ ਤੇ ਅੱਧਕ)

1. ਬਿੰਦੀ ( ̇)-ਇਹ ਨਾਸਕੀ ਸ੍ਵਰ ਧੁਨੀ ਹੈ। [illegible] )-ਇਸ ਦੀ ਵਰਤੋਂ ਛੇ ਲਗਾਂ (ਸਿਹਾਰੀ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਅਤੇ ਕਨੌੜਾ) ਨਾਲ਼ ਕੀਤੀ ਜਾਂਦੀ ਹੈ।

2. ਟਿੱਪੀ — ( ̃) ਇਸ ਦੀ ਵਰਤੋਂ ਚਾਰ ਲਗਾਂ ਨਾਲ਼ ਕੀਤੀ ਜਾਂਦੀ ਹੈ (ਮੁਕਤਾ, ਸਿਹਾਰੀ, ਔਂਕੜ ਅਤੇ ਦੁਲੈਂਕੜੇ)

3. ਅੱਧਕ ( ̆)- ਕਿਸੇ ਸ਼ਬਦ ਵਿੱਚ ਕਿਸੇ ਅੱਖਰ ਦੀ ਅਵਾਜ਼ ਦੂਹਰੀ ਹੋ ਕੇ ਨਿਕਲੇ ਤਾਂ ਪਹਿਲੇ ਅੱਖਰ ਤੇ ਅੱਧਕ ਲਗਾਖਰ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ - ਸੱਲ, ਸੱਚਾ, ਬੱਚਾ ਆਦਿ।

ਕੁਝ ਅੰਗਰੇਜ਼ੀ ਸ਼ਬਦਾਂ ਨੂੰ ਗੁਰਮੁਖੀ ਵਿੱਚ ਲਿਖਣ ਲਈ ਦੁਲਾਵਾਂ ਨਾਲ਼ ਅੱਧਕ ਦੀ ਵਰਤੋਂ ਕੀਤੀ ਜਾਂਦੀ ਹੈ, ਜਿਵੇਂ - ਪੈੱਨ, ਸੈੱਟ ਆਦਿ।



Scanned by CamScanner

# ਪੰਜਾਬੀ ਸ਼ਬਦ-ਜੋੜ

ਸ਼ਬਦ-ਜੋੜਾਂ ਵਿੱਚ ਆਮ ਤੌਰ ਤੇ ਹੇਠ ਲਿਖੀਆਂ ਗੱਲਾਂ ਵੱਲ ਵਿਸ਼ੇਸ਼ ਧਿਆਨ ਦੀ ਲੋੜ ਹੈ -

* ਸ੍ਵਰ ਅਤੇ ਵਿਅੰਜਨ ਧੁਨੀਆਂ ਲਈ ਉਚਿਤ ਲਗਾਂ ਅਤੇ ਲਗਾਖਰਾਂ ਦੀ ਵਰਤੋਂ ਕੀਤੀ ਜਾਵੇ।
* ਜਿਵੇਂ ਬੋਲੋ ਤਿਵੇਂ ਲਿਖੋ।
* ਇਸ ਗੱਲ ਦਾ ਧਿਆਨ ਰੱਖੋ ਕਿ ਉਚਾਰਨ ਪੰਜਾਬੀ ਹੀ ਹੋਵੇ, ਹਿੰਦੀ ਉਰਦੂ ਵਾਲ਼ੇ ਸ਼ਬਦ 'ਰਾਨੀ', 'ਪਾਨੀ', 'ਪੁਤ੍ਰ', 'ਪਤ੍ਰ' ਆਦਿ ਨੂੰ ਪੰਜਾਬੀ ਉਚਾਰਨ ਅਨੁਸਾਰ 'ਰਾਣੀ', 'ਪਾਣੀ', 'ਪੁੱਤਰ', 'ਪੱਤਰ' ਲਿਖਣਾ ਸ਼ੁੱਧ ਹੈ।
* ਸ਼ਬਦ-ਜੋੜਾ ਵਿੱਚ ਵੱਧ ਤੋਂ ਵੱਧ ਇਕਸਾਰਤਾ ਹੋਵੇ। 'ਅਨ' ਅਗੇਤਰ ਨਾਂਹ ਵਾਚਕ ਹੈ। 'ਅਨ' ਦੀ ਥਾਂ 'ਅਣ' ਵਰਤਣਾ ਠੀਕ ਨਹੀਂ, ਜਿਵੇਂ - ਅਨਜਾਣ, ਅਨਭੋਲ, ਅਨਮੋਲ ਠੀਕ ਸ਼ਬਦ-ਜੋੜ ਹੈ।
* ਪੰਜਾਬੀ ਵਿੱਚ ਸੰਯੁਕਤ ਅੱਖਰਾਂ ਦੀ ਵਰਤੋਂ ਬਹੁਤ ਘਟਾਈ ਗਈ ਹੈ। ਅੱਖਰਾਂ ਨੂੰ ਸਰਲ ਕੀਤਾ ਗਿਆ ਹੈ, ਜਿਵੇਂ 'ਕ੍ਰਿਆ' ਨੂੰ 'ਕਿਰਿਆ' 'ਕ੍ਰਮ' ਨੂੰ ਕਰਮ ਲਿਖਿਆ ਜਾਂਦਾ ਹੈ।

Scanned by CamScanner

* ਸ਼ਬਦ-ਜੋੜ ਸਮੇਂ ਮੂਲ-ਧਾਤੂ ਨੂੰ ਧਿਆਨ ਵਿੱਚ ਰੱਖਣਾ ਬਹੁਤ ਜ਼ਰੂਰੀ ਹੈ, ਜਿਵੇਂ - 'ਇਕੱਲਾ' ਸ਼ਬਦ ਮੂਲ-ਧਾਤੂ 'ਇੱਕ' ਤੋਂ ਬਣਿਆ ਹੈ। 'ਇੱਕਤਾਲੀ' 'ਇੱਕ' ਅਤੇ 'ਚਾਲੀ' ਤੋਂ ਬਣਿਆ ਹੈ। ਇਹ 'ਅਕ' ਤੇ 'ਚਾਲੀ' ਭਾਵ 'ਅਕਤਾਲੀ' ਨਹੀਂ ਹੈ। ਇਸੇ ਤਰ੍ਹਾਂ 'ਚੁਕਾਈ' ਚੁੱਕ ਧਾਤੂ ਅਤੇ 'ਪੜ੍ਹਾਈ' ਪੜ੍ਹ ਧਾਤੂ ਤੋਂ ਬਣਿਆ ਹੈ ਸੋ ਚਕਾਈ ਅਤੇ ਭੜਾਈ ਲਿਖਣਾ ਗ਼ਲਤ ਹੈ।

* ਪੰਜਾਬੀ ਸ਼ਬਦ-ਜੋੜਾਂ ਵੇਲ਼ੇ ਇਸ ਗੱਲ ਦਾ ਖ਼ਿਆਲ ਰੱਖਣਾ ਜ਼ਰੂਰੀ ਹੈ ਕਿ ਇਹਨਾਂ ਦਾ ਸਰੂਪ ਨਾ ਵਿਗੜੇ, ਉਹਨਾਂ ਦੇ ਅਰਥਾਂ ਵਿੱਚ ਫ਼ਰਕ ਨਾ ਪਵੇ ਤੇ ਉਹ ਸ਼ਬਦ ਸਾਹਿਤਕ ਪੱਧਰ ਤੋਂ ਬਹੁਤ ਉੱਚੇ ਹੋ ਕੇ ਪੰਡਤਾਨਾ ਨਾ ਹੋ ਜਾਣ, ਨਾ ਹੀ ਨੀਵੇਂ ਹੋ ਕੇ ਉਜੱਡ। ਇਸ ਲਈ 'ਮੇਜ਼' ਨੂੰ 'ਮੇਜ', 'ਚਾਕੂ' ਨੂੰ 'ਕਾਚੂ', 'ਸਟੇਸ਼ਨ' ਨੂੰ 'ਟੇਸ਼ਨ', 'ਚੀਜ਼' ਨੂੰ 'ਚੀਜ', 'ਅਵਾਜ਼' ਨੂੰ 'ਵਾਜ' ਅਤੇ 'ਜ਼ਰੂਰ' ਨੂੰ 'ਜਰੂਰ' ਲਿਖਣਾ ਅਸ਼ੁੱਧ ਹੈ।

ਪੰਜਾਬੀ ਬੋਲੋ, ਪੰਜਾਬੀ ਪੜ੍ਹੋ
ਪੰਜਾਬੀ ਲਿਖੋ



Scanned by CamScanner

## ਪੰਜਾਬੀ ਸ਼ਬਦ-ਜੋੜ (ਮੋਟੇ-ਮੋਟੇ ਨੇਮ)

### ਬਿੰਦੀ - ਟਿੱਪੀ :-

(ੳ) ਮੁਕਤੇ, ਸਿਹਾਰੀ, ਔਂਕੜ ਤੇ ਦੁਲੈਂਕੜ ਨਾਲ਼ ਟਿੱਪੀ ਲੱਗਦੀ ਹੈ, ਜਿਵੇਂ-ਕੰਧ, ਪਿੰਡ, ਘੁੰਡ, ਤੂੰਡ ਆਦਿ।

(ਅ) ਕੰਨੇ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਤੇ ਕਨੌੜਾ ਦੇ ਨਾਲ਼ ਬਿੰਦੀ ਲੱਗਦੀ ਹੈ, ਜਿਵੇਂ - ਕਾਂ, ਪੀਂਘ, ਗੇਂਦ, ਪੈਂਦ, ਰੋਂਦ, ਚੌਂਕ ਆਦਿ।

(ੲ) 'ੳ' ਨਾਲ਼ ਹਮੇਸ਼ਾਂ ਬਿੰਦੀ ਲੱਗਦੀ ਹੈ, ਜਿਵੇਂ ਉਂਗਲ, ਓਂਕਾਰ, ਊਂਘ। ਕੰਨਾ (ਾ), ਲਾਂਵ (ੇ), ਦੁਲਾਂਵ (ੈ), ਬਿਹਾਰੀ (ੀ), ਹੋੜਾ (ੋ), ਕਨੌੜਾ (ੌ) ਨਾਲ਼ ਹਮੇਸ਼ਾਂ ਬਿੰਦੀ ਦੀ ਵਰਤੋਂ ਹੁੰਦੀ ਹੈ, ਟਿੱਪੀ ਨਹੀਂ।

| ਅਸ਼ੁੱਧ-ਸ਼ੁੱਧ | ਅਸ਼ੁੱਧ - ਸ਼ੁੱਧ | ਅਸ਼ੁੱਧ - ਸ਼ੁੱਧ |
|---|---|---|
| ਕੰਾ – ਕਾਂ | ਗੈਂਡਾ – ਗੈਂਡਾ | ਬੀਂਡਾ – ਬੀਂਡਾ |
| ਗੇਂਦ – ਗੇਂਦ | ਚੌਂਕ – ਚੌਂਕ | ਰੋਂਦ – ਰੋਂਦ |

ਖਾਲੀ ਅੱਖਰ, ਔਂਕੜ (ੁ), ਦੁਲੈਂਕੜ (ੂ) ਤੇ ਸਿਹਾਰੀ (ਿ) ਨਾਲ਼ ਟਿੱਪੀ ਦੀ ਵਰਤੋਂ ਹੁੰਦੀ ਹੈ-

| ਅਸ਼ੁੱਧ-ਸ਼ੁੱਧ | ਅਸ਼ੁੱਧ - ਸ਼ੁੱਧ | ਅਸ਼ੁੱਧ-ਸ਼ੁੱਧ |
|---|---|---|
| ਮੁਂਡ – ਮੁੰਡ | ਖੁਂਲ੍ਹ – ਖੁੰਲ੍ਹ | ਤੂਂ – ਤੂੰ |



Scanned by CamScanner

| | | |
|---|---|---|
| ਸਿੰਗ - ਸ਼ਿੰਗ | ਚੰਨ - ਚੰਨ | ਹੂੰ ਹੂੰ |
| ਹਿੰਦੂ - ਹਿੰਦੂ | ਜੂੰ - ਜੂੰ | ਦੰਦ ਦੰਦ |

(ਸ) ਅਨੁਨਾਸਕ ਅੱਖਰਾਂ (ਙ, ਞ, ਣ, ਨ, ਮ) ਨਾਲ਼ ਵੀ ਉਪਰਲੇ ਨੇਮਾਂ ਅਨੁਸਾਰ ਬਿੰਦੀ ਲੱਗਦੀ ਹੈ-

| | | |
|---|---|---|
| ਅਸ਼ੁੱਧ ਸ਼ੁੱਧ | ਅਸ਼ੁੱਧ ਸ਼ੁੱਧ | ਅਸ਼ੁੱਧ ਸ਼ੁੱਧ |
| ਨਦਾ - ਨੰਦਾ | ਨੀਦ - ਨੀਂਦ | ਮਾ - ਮਾਂ |
| ਨਿਬੂ - ਨਿੰਬੂ | ਮਤਰ - ਮੰਤਰ | ਮੀਹ - ਮੀਂਹ |

(ਹ) ਅਨੁਨਾਸਿਕ ਅੱਖਰ ਜਦੋਂ ਕਿਸੇ ਲੰਮੀ ਲਗ ਦੇ ਪਿਛੋਂ ਆਵੇ ਤਾਂ ਆਮ ਤੌਰ 'ਤੇ ਬਿੰਦੀ-ਟਿੱਪੀ ਨਹੀਂ ਲੱਗਦੀ - ਖਾਣ, ਪੀਣ, ਪਾਨ, ਸੌਣਾ, ਛੇਨਾ ਆਦਿ।

| | | |
|---|---|---|
| ਅਸ਼ੁੱਧ ਸ਼ੁੱਧ | ਅਸ਼ੁੱਧ ਸ਼ੁੱਧ | ਅਸ਼ੁੱਧ ਸ਼ੁੱਧ |
| ਇਨਾਂਮ→ ਇਨਾਮ | ਨਾਂਮ - ਨਾਮ | ਮਾਂਮੀ-ਮਾਮੀ |
| ਕੌਂਮ - ਕੌਮ | ਨੇਂਮ - ਨੇਮ | ਮੇਂਮ - ਮੇਮ |

(ਕ) ਅਨੁਨਾਸਿਕ ਅੱਖਰਾਂ ਤੋਂ ਪਹਿਲਾਂ ਅੱਧਕ ਦੀ ਅਵਾਜ਼ ਵੇਲ਼ੇ ਅੱਧਕ ਦੀ ਥਾਂ ਤੇ ਟਿੱਪੀ ਵੀ ਵਰਤੀ ਜਾਂਦੀ ਹੈ, ਜਿਵੇਂ - ਕੰਮ, ਨਿੰਮ, ਜਿੰਨ, ਕਿੰਨਾ, ਜਿੰਨਾ, ਮਿੰਨਾ।

(ਖ) ਸੰਬੋਧਨ ਕਾਰਕ ਨਾਲ਼ ਅਖੀਰ ਤੇ ਨੰਨੇ(ਨ) ਨਾਲ਼ ਬਿੰਦੀ ਨਹੀਂ ਲੱਗਦੀ, ਬਹੁ-ਵਚਨ ਨਾਲ ਲੱਗਦੀ ਹੈ, ਜਿਵੇਂ -



Scanned by CamScanner

| ਸੰਬੋਧਨ | ਬਹੁ-ਵਚਨ |
|---|---|
| ਜਵਾਨਾ - ਓਏ ਜਵਾਨਾ! | ਜਵਾਨਾਂ ਨੇ - ਕਈ ਜਵਾਨਾਂ ਨੇ |
| ਜ਼ਾਲਮਾ - ਓਏ ਜ਼ਾਲਮਾ! | ਜ਼ਾਲਮਾਂ ਨੇ - ਓਹਨਾਂ ਜ਼ਾਲਮਾਂ ਨੇ |

**ਨ - ਣ** (ੳ) ਆਮ ਤੌਰ 'ਤੇ ਭਾਵਾਰਥ ਕਿਰਿਆ ਨਾਲ਼ 'ਣ' ਆਉਂਦਾ ਹੈ, ਜਿਵੇਂ - ਖਾਣਾ, ਪੀਣਾ, ਹੱਸਣਾ।

(ਅ) ਜਦੋਂ ਧਾਤੂ ਦੇ ਅੰਤਰ, ਰ, ੜ, ਣ ਆਵੇ ਤਾਂ ਭਾਵਾਰਥ ਕਿਰਿਆ ਨਾਲ਼ 'ਨਾ' ਆਉਂਦਾ ਹੈ, ਜਿਵੇਂ - ਕਰਨਾ, ਮੜ੍ਹਨਾ।

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
|---|---|---|---|---|---|
| ਸੌਨਾ | ਸੌਣਾ | ਛਾਨਣਾ | ਛਾਣਨਾ | ਪੜ੍ਹਣਾ | ਪੜ੍ਹਨਾ |
| ਹੱਸਨਾ | ਹੱਸਣਾ | ਜਾਨਾ | ਜਾਣਾ | ਵਰ੍ਹਣਾ | ਵਰ੍ਹਨਾ |
| ਖੇਡਨਾ | ਖੇਡਣਾ | ਜਾਨਣਾ | ਜਾਣਨਾ | ਖੜ੍ਹਣਾ | ਖੜ੍ਹਨਾ |

ਭਾਵਾਰਥਕ ਕਿਰਿਆ ਤੋਂ ਬਿਨਾਂ ਹੋਰ ਸ਼ਬਦਾਂ ਨਾਲ਼ ਛਣਕਵੀਂ ਅਵਾਜ਼ ਵੇਲੇ 'ਣ' ਤੇ ਬੋਲ੍ਹਵੀਂ ਅਵਾਜ਼ ਵੇਲੇ 'ਨ' ਵਰਤਿਆ ਜਾਂਦਾ ਹੈ, ਜਿਵੇਂ - ਭੈਣ, ਪਾਣੀ, ਬੀਨ, ਗਿਆਨੀ।

* 'ਹ' ਤੋਂ ਪਹਿਲਾਂ ਦੁਲਾਵਾਂ ਦੀ ਅਵਾਜ਼ ਵੇਲ਼ੇ 'ਹ' ਨਾਲ ਸਿਹਾਰੀ ਲੱਗਦੀ ਹੈ –

(ਆਮ ਕਰਕੇ ਇਹ ਨਿਯਮ ਦੋ ਅੱਖਰਾਂ ਵਾਲ਼ੇ ਸ਼ਬਦਾਂ, ਖਾਸ ਨਾਂਵ ਅਤੇ ਕੁਝ ਪ੍ਰਚਲਿਤ ਸ਼ਬਦਾਂ ਤੇ ਲਾਗੂ ਨਹੀਂ ਹੁੰਦਾ)



Scanned by CamScanner

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
|---|---|---|---|---|---|
| ਸ਼ੈਹਰ – | ਸ਼ਹਿਰ | ਪੈਹਲਾ – | ਪਹਿਲਾ | ਲੈਹਰ – | ਲਹਿਰ |
| ਕੈਹਣਾ – | ਕਹਿਣਾ | ਗੈਹਣਾ – | ਗਹਿਣਾ | ਸ਼ੈਹਲ – | ਸ਼ਹਿਲ |

* 'ਹ' ਤੋਂ ਪਹਿਲਾਂ ਹੋੜੇ ਦੀ ਅਵਾਜ਼ ਵੇਲੇ 'ਹ' ਨਾਲ਼ ਔਂਕੜ ਲੱਗਦਾ ਹੈ –

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
|---|---|---|---|---|---|
| ਸੋਹਣਾ – | ਸੁਹਣਾ | ਸੋਹਲ – | ਸੁਹਲ | ਮੋਹਰ – | ਮੁਹਰ |
| ਸ਼ੋਹਰਤ – | ਸ਼ੁਹਰਤ | ਖੋਹਣਾ – | ਖੁਹਣਾ | ਮੋਹਲਤ – | ਮੁਹਲਤ |

* 'ਹ' ਤੋਂ ਪਹਿਲਾਂ ਕਨੌੜੇ ਦੀ ਅਵਾਜ਼ ਵੇਲੇ 'ਹ' ਕਨੌੜੇ ਦੀ ਥਾਂ 'ਹ' ਨਾਲ਼ ਔਂਕੜ ਲੱਗਦਾ ਹੈ

| ਅਸ਼ੁੱਧ | ਸ਼ੁੱਧ | ਅਸ਼ੁੱਧ – | ਸ਼ੁੱਧ | ਅਸ਼ੁੱਧ – | ਸ਼ੁੱਧ |
|---|---|---|---|---|---|
| ਕੌਹ – | ਕਹੁ | ਬੌਹਤ – | ਬਹੁਤ | ਰੌਹ – | ਰਹੁ |
| ਨੌਂਹ – | ਨਹੁੰ | ਮੌਹਰਾ – | ਮਹੁਰਾ | ਵੌਹਟੀ – | ਵਹੁਟੀ |

* 'ਹ' ਤੋਂ ਪਹਿਲਾਂ ਲਾਂ ਦੀ ਅਵਾਜ਼ ਵੇਲੇ ਲਾਂ ਦੀ ਥਾਂ ਸਿਹਾਰੀ ਵਰਤੀ ਜਾਂਦੀ ਹੈ –

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
|---|---|---|---|---|---|
| ਕੇਹੜਾ – | ਕਿਹੜਾ | ਸ਼ੈਹਦ – | ਸ਼ਹਿਦ | ਕੇਹਰ – | ਕਿਹਰ |
| ਸੇਹਰਾ – | ਸਿਹਰਾ | ਮੇਹਨਤ – | ਮਿਹਨਤ | ਮੇਹਰ – | ਮਿਹਰ |



Scanned by CamScanner

## ਫੁਟਕਲ ਨੇਮ

'ਯ' ਦੀ ਅਵਾਜ਼ ਨੂੰ ਇ+ਅ ਜਾਂ ਇ + ਉ ਵਿੱਚ ਬਦਲ ਦਿੱਤਾ ਜਾਂਦਾ ਹੈ- ਆਯਾ → ਆਇਆ , ਹੋਯਾ → ਹੋਇਆ, ਕਯੋਂ → ਕਿਉਂ , ਗਯਾ → ਗਿਆ, ਜਯੋਂ → ਜਿਉਂ, ਤਾਯਾ → ਤਾਇਆ ,ਕਾਯਾ-ਕਾਇਆ।

* 'ਵਾਲਾ' ਪਛੇਤਰ ਸ਼ਬਦ ਨਾਲ਼ ਜੋੜ ਕੇ ਲਿਖੋ- ਗੱਡੀਵਾਲਾ, ਦੁੱਧਵਾਲਾ ਆਦਿ।
* ਸ਼ਹਿਰਾਂ ਤੇ ਨਗਰਾਂ ਦੇ ਨਾਂ ਜੋੜ ਕੇ ਲਿਖੋ - ਅੰਮ੍ਰਿਤਸਰ, ਗੁਰਦਾਸਪੁਰ, ਧਾਰੀਵਾਲ, ਫਰੀਦਕੋਟ , ਨਾਰੋਵਾਲ, ਭੋਲੂਵਾਲਾ ।
* ਮਨੁੱਖਾਂ ਦੇ ਨਾਂ ਨਿਖੇੜ ਕੇ ਲਿਖੇ ਜਾਂਦੇ ਹਨ - ਕਰਮ ਦਈ, ਸੋਹਨ ਲਾਲ, ਰਾਮ ਸਿੰਘ , ਅਬਦੁਲ ਹਮੀਦ ਆਦਿ।
* ਭਵਿੱਖਤ ਕਾਲ ਦੇ ਗਾ, ਗੇ, ਗੀ ਨੂੰ ਸ਼ਬਦਾਂ ਦੇ ਨਾਲ਼ ਜੋੜ ਕੇ ਲਿਖੋ, ਜਿਵੇਂ- ਖਾਏਗਾ, ਖੇਡੇਗਾ, ਪੜ੍ਹੇਗੀ ਆਦਿ।
* 'ਕੇ' ਨੂੰ ਧਾਤੂ ਤੋਂ ਨਿਖੇੜ ਕੇ ਲਿਖੋ, ਜਿਵੇਂ- ਖਾ ਕੇ, ਪੜ੍ਹ ਕੇ , ਨ੍ਹਾ ਕੇ , ਪਾ ਕੇ ਆਦਿ।



Scanned by CamScanner

* ਕੰਨੇ ਦੀ ਲੰਮੇਰੀ ਅਵਾਜ਼ ਨੂੰ ਪਰਗਟ ਕਰਨ ਲਈ ਕੰਨੇ ਨਾਲ਼ 'ਅ' ਲਿਖੋ, ਜਿਵੇਂ- ਚਾਅ, ਬਾਅਦ, ਲਾਅ, ਭਾਅ ਆਦਿ।
* ਪੰਜਾਬੀ ਵਿੱਚ ਅਜਿਹੇ ਥਾਵਾਂ ਤੇ 'ਯ' ਦੀ ਵਰਤੋਂ ਹਟ ਗਈ ਹੈ-
ਤਯਾਗ→ਤਿਆਗ, ਅਭਯਾਸ→ਅਭਿਆਸ, ਸਾਹਿਤਯ→ ਸਾਹਿਤ, ਗਯਾਨੀ→ ਗਿਆਨੀ, ਮਨੁਸ਼ਯ→ਮਨੁੱਸ਼ (ਮਨੁੱਖ) ਪਯਾਰਾ→ਪਿਆਰਾ।
* ਪੰਜਾਬੀ ਵਿੱਚ ਪੈਰੀਂ 'ਵ' ਦੀ ਵਰਤੋਂ ਬਹੁਤ ਘੱਟ ਗਈ ਹੈ- ਸ੍ਵਾਸ→ਸਵਾਸ, ਸ੍ਵੀਕਾਰ→ਸਵੀਕਾਰ, ਸ੍ਵਾਗਤ → ਸਵਾਗਤ, ਵਿਦ੍ਵਾਨ → ਵਿਦਵਾਨ।
* ਕੁਝ ਸ਼ਬਦਾਂ ਵਿੱਚ ਪੈਰੀਂ 'ਵ' ਦੀ ਵਰਤੋਂ ਠੀਕ ਹੈ, ਜਿਵੇਂ-ਸ੍ਵੈਮਾਨ, ਸ੍ਵਛ, ਸ੍ਵਰ, ਸ੍ਵਾਧੀਨ।
* ਜਿਨ੍ਹਾਂ ਪੰਜਾਬੀ ਅੱਖਰਾਂ ਵਿੱਚ 'ਹ' ਦੀ ਅਵਾਜ਼ ਹੁੰਦੀ ਹੈ, ਉਨ੍ਹਾਂ ਦੇ ਪੈਰੀਂ 'ਹ' ਲੱਗਦਾ ਹੈ, ਜਿਵੇਂ- ਚੁੱਲ੍ਹਾ, ਜਮ੍ਹਾਂ, ਜਿਨ੍ਹਾਂ, ਜਗ੍ਹਾ, ਮੱਲ੍ਹਜ਼, ਵਰ੍ਹਾ ਆਦਿ।
* ਜਿਨ੍ਹਾਂ ਅੱਖਰਾਂ ਵਿੱਚ 'ਹ' ਦੀ ਅਵਾਜ਼ ਰਲੀ ਹੁੰਦੀ ਹੈ, ਉਨ੍ਹਾਂ ਨਾਲ਼ ਪੈਰੀਂ 'ਹ' ਵਰਤਣਾ ਚਾਹੀਦਾ ਹੈ- ਖੜ੍ਹ, ਖੇਲ੍ਹ, ਗਾੜ੍ਹ, ਜੜ੍ਹ, ਸੰਨ੍ਹ,



Scanned by CamScanner

ਨਿੰਮ੍ਹੀ, ਵਰ੍ਹਨਾ, ਅਮਲ੍ਹਾ, ਬੁਲ੍ਹਾ, ਕਾਨ੍ਹ, ਚੜ੍ਹਨਾ, ਪੜ੍ਹਨਾ, ਰਿੰਨ੍ਹ ਆਦਿ।

* ਕਈ ਸ਼ਬਦਾਂ ਵਿੱਚ ਪੂਰੇ 'ਹ' ਦੀ ਥਾਂ ਤੇ ਪੈਰੀਂ 'ਹ' ਲਿਖਣਾ ਅਸ਼ੁੱਧ ਹੈ, ਜਿਵੇਂ - ਜੇੜ੍ਹਾ, ਕੇੜ੍ਹਾ, ਵੇੜ੍ਹਾ, ਮੇਂਹ੍ਹਾ ਅਸ਼ੁਧ ਹਨ।

ਰ ਜਿਸ ਅੱਖਰ ਨਾਲੋਂ 'ਰ' ਦੀ ਅਵਾਜ਼ ਨਖੇੜ ਦੇਣ ਨਾਲ ਸ਼ਬਦ ਦਾ ਉਚਾਰਨ ਨਾ ਵਿਗੜੇ, ਉੱਥੇ ਪੈਰੀਂ 'ਰ' ਨਹੀਂ ਵਰਤਣਾ, ਪਰ ਜਿੱਥੇ ਪੈਰੀਂ 'ਰ' ਦੀ ਥਾਂ ਤੇ ਪੂਰਾ 'ਰ' ਵਰਤਣ ਨਾਲ ਸ਼ਬਦ ਦਾ ਉਚਾਰਨ ਓਪਰਾ ਜਾਪੇ, ਉੱਥੇ ਪੈਰੀਂ 'ਰ' ਹੀ ਵਰਤਣਾ ਚਾਹੀਦਾ ਹੈ

| ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ | ਅਸ਼ੁੱਧ | ਸ਼ੁੱਧ |
|---|---|---|---|---|---|
| ਕ੍ਰਿਪਾ | ਕਿਰਪਾ | ਇੰਦ੍ਰ | ਇੰਦਰ | ਸ਼੍ਰਧਾ | ਸ਼ਰਧਾ |
| ਕ੍ਰਿਆ | ਕਿਰਿਆ | ਪੁਤ੍ਰ | ਪੁੱਤਰ | ਪ੍ਰਜਾ | ਪਰਜਾ |
| ਪਾਤ੍ਰ | ਪਾਤਰ | ਪ੍ਰਗਟ | ਪਰਗਟ | ਪਤ੍ਰ | ਪੱਤਰ |
| ਗਰੰਥ | ਗ੍ਰੰਥ | ਦਰਿਸ਼ | ਦ੍ਰਿਸ਼ | ਪਰਥਾ | ਪ੍ਰਥਾ |
| ਪਰੇਮ | ਪ੍ਰੇਮ | ਤਰਾਹ | ਤ੍ਰਾਹ | ਧਰੂ | ਧ੍ਰੂ |
| ਦਰਿੜ | ਦ੍ਰਿੜ | ਪਰੈੱਸ | ਪ੍ਰੈੱਸ | ਪਰੀਤ | ਪ੍ਰੀਤ |



Scanned by CamScanner

ਹੋਰ ਬੋਲੀਆਂ ਦੇ ਸ਼ਬਦਾਂ ਦਾ ਪੰਜਾਬੀ ਰੂਪ :- ਦੇਸ਼ → ਦੇਸ, ਕੇਸ਼ → ਕੇਸ, ਵੇਸ਼ → ਵੇਸ, ਸ਼੍ਰੀ → ਸ੍ਰੀ, ਵਿਸ਼ → ਵਿਸ, ਰੋਸ਼ → ਰੋਸ, ਸ਼ੀਤਲ → ਸੀਤਲ, ਸ਼ਲੋਕ → ਸਲੋਕ, ਨਾਸ਼ → ਨਾਸ, ਵੰਸ → ਬੰਸ, ਵੰਦਨਾ → ਬੰਦਨਾ, ਵਾਣੀ → ਬਾਣੀ, ਪੂਰਵ → ਪੂਰਬ, ਬਧਾਈ → ਵਧਾਈ, ਬੇਲ → ਵੇਲ, ਬਾਜਾ → ਵਾਜਾ, ਬੱਟਾ → ਵੱਟਾ, ਸੰਤੋਸ਼ → ਸੰਤੋਖ, ਮਨੁੱਸ਼ → ਮਨੁੱਖ, ਵਰਸ਼ਾ → ਵਰਖਾ, ਹਰਸ਼ → ਹਰਖ, ਪਕਸ਼ → ਪੱਖ, ਅਕਸ਼ਰ → ਅੱਖਰ, ਕਸ਼ੇਤਰ → ਖੇਤਰ, ਰਕਸ਼ਾ → ਰੱਖਿਆ, ਲਕਸ਼ਮੀ → ਲੱਛਮੀ, ਸਮਯ → ਸਮਾਂ, ਵਿਸਯ → ਵਿਸ਼ਾ, ਹਿਮਾਲਯ → ਹਿਮਾਲਾ, ਲਯ → ਲੈ, ਜਯ → ਜੈ, ਭਯ → ਭੈ, ਯਸ਼ → ਜਸ, ਯੋਗੀ → ਜੋਗੀ, ਯਮ → ਜਮ, ਸੂਰਯ → ਸੂਰਜ, ਸੰਯਮ → ਸੰਜਮ ਆਦਿ।

ਜੇਕਰ ਸ਼ਬਦ ਦੇ ਪਹਿਲੇ ਦੋ ਅੱਖਰਾਂ ਤੇ ਦੀਰਘ ਮਾਤਰਾ ਦੀ ਅਵਾਜ਼ ਹੋਵੇ ਤਾਂ ਪਹਿਲੇ ਸ਼ਬਦ ਦੀ ਮਾਤਰਾ ਲਘੂ ਕਰਕੇ ਲਿਖੀ ਜਾਂਦੀ ਹੈ, ਪਰ ਦੋ ਅੱਖਰਾਂ ਵਾਲੇ ਸ਼ਬਦ ਤੇ ਇਹ ਨਿਯਮ ਲਾਗੂ ਨਹੀਂ ਹੁੰਦਾ।



Scanned by CamScanner

ਹਿੰਦੀ ਦੇ ਕਈ ਸ਼ਬਦਾਂ ਦੀ ਪੰਜਾਬੀ ਵਿੱਚ ਆ ਕੇ ਸਿਹਾਰੀ ਉੱਡ ਜਾਂਦੀ ਹੈ-

ਕਠਿਨ → ਕਠਨ, ਪੰਡਿਤ → ਪੰਡਤ, ਪਤਿਤ → ਪੱਤਤ, ਮਾਸਿਕ → ਮਾਸਕ, ਵੈਦਿਕ → ਵੈਦਕ, ਮੰਦਿਰ → ਮੰਦਰ, ਅੰਤਿਮ → ਅੰਤਮ, ਸਾਹਿਤਿਕ → ਸਾਹਿੱਤਕ, ਸਮਾਜਿਕ → ਸਮਾਜਕ ਆਦਿ।

* ਉਰਦੂ-ਫ਼ਾਰਸੀ ਦੇ ਕਈ ਸ਼ਬਦਾਂ ਦੀ ਜ਼ੇਰ ਅਤੇ ਕਈ ਸ਼ਬਦਾਂ ਦਾ ਕੰਨਾ ਉੱਡ ਜਾਂਦਾ ਹੈ, — ਹਾਕਿਮ → ਹਾਕਮ, ਆਖ਼ਿਰ → ਆਖ਼ਰ, ਕਾਤਿਲ → ਕਾਤਲ, ਹਾਜ਼ਿਰ → ਹਾਜ਼ਰ, ਕੋਸ਼ਿਸ਼ → ਕੋਸ਼ਸ਼, ਮੰਜ਼ਿਲ → ਮੰਜ਼ਲ, ਬਾਜ਼ਾਰ → ਬਜ਼ਾਰ, ਆਵਾਜ਼ → ਅਵਾਜ਼, ਆਰਾਮ → ਅਰਾਮ, ਆਜ਼ਾਦ → ਅਜ਼ਾਦ।

* 'ੲ' ਦੀ ਥਾਂ 'ਅ' ਲਿਖਣਾ ਅਸ਼ੁੱਧ ਹੈ। ਸੋ ਧੁਨੀ ਪਹਿਚਾਣ ਕੇ 'ਇ' ਨਾਲ ਹੀ ਸ਼ਬਦ ਲਿਖੇ ਜਾਣ ਜਿਵੇਂ -

ਅਕੱਠ → ਇਕੱਠ, ਅਤਬਾਰ → ਇਤਬਾਰ, ਅਨਾਮ → ਇਨਾਮ, ਅਕੱਤਰ → ਇਕੱਤਰ,



Scanned by CamScanner

ਅਕਬਾਲ→ ਇਕਬਾਲ, ਅਕਰਾਰ → ਇਕਰਾਰ,
ਅਨਸਾਨ→ਇਨਸਾਨ, ਅਜਾਜ਼ਤ→ਇਜਾਜ਼ਤ,
ਅਕੱਲਾ → ਇਕੱਲਾ, ਅਰਾਦਾ → ਇਰਾਦਾ,

* ਉਰਦੂ ਦੇ ਕੁਛ ਸ਼ਬਦ ਮੂਲ ਰੂਪ ਵਿੱਚ ਹੀ ਲਿਖੇ ਜਾਂਦੇ ਹਨ - ਸਾਹਿਬ, ਸ਼ਕਾਇਤ, ਹਦਾਇਤ, ਕਾਇਦਾ, ਕਾਇਮ, ਜਾਇਜ਼, ਨਾਇਬ, ਫ਼ਾਇਦਾ ਆਦਿ।

* ਅੰਗਰੇਜ਼ੀ ਦੇ ਪ੍ਰਚੱਲਤ ਸ਼ਬਦਾਂ ਨੂੰ ਵਿਗਾੜ ਕੇ ਲਿਖਣਾ ਠੀਕ ਨਹੀਂ -
ਸੈਨ→ਸਾਈਨ, ਟੈਰ → ਟਾਇਰ, ਰੈਟ→ਰਾਈਟ
ਸੈਂਸ → ਸਾਇੰਸ, ਪ੍ਰੈਮਰੀ→ ਪ੍ਰਾਇਮਰੀ,
ਲੈਟ → ਲਾਈਟ ✓, ਟੈਟਲ → ਟਾਈਟਲ ✓
ਪ੍ਰੈਪ → ਪਾਈਪ ✓, ਟੈਮ→ ਟਾਈਮ ✓

* 'ਜ' ਅਤੇ 'ਜ਼' ਵਾਲੇ ਸਹੀ ਸਬਦ →
ਤਰਜਮਾ, ਮਜਾਲ, ਰਿਵਾਜ, ਤਰਜਮਾਨੀ,
ਤਰਜੀਹ, ਹਿਜਰੀ, ਜੁਰਮ, ਜੁਅਰਤ,
ਖੰਜਰ, ਹੁਜਰਾ, ਜਿੰਦੜੀ, ਜਹਾਲਤ,
ਜਾਬਰ, ਜਬਰ, ਜਫ਼ਾ, ਜਮਹੂਰੀ, ਜਹਾਦ,
ਜ਼ੁੰਬਸ, ਮਜਰ, ਜੰਗਾਲ, ਜਜਮਾਨ, ਜਾਹਲ,



Scanned by CamScanner

ਜੁਮਾ, ਜੁੰਮਰਾਤ, ਹਿਜਰ, ਹੁੱਜਤ, ਮਿਜ਼ਾਜ, ਇਜਾਜ਼ਤ, ਮੁਜਰਮ, ਮਜਮਾ, ਹਜਾਮਤ, ਹਰਜਾ, ਹਰਜਾਨਾ, ਮਜ਼ਬੂਰ, ਹਿਜਰਤ, ਨੌਗੇਜ, ਹਜੂਮ, ਅਜੀਬ, ਜੁਰਾਬ, ਤਜਰਬਾ, ਉਜਰ, ਜੇਰਾ, ਜਰਜਰਾ, ਜੰਨਤ, ਅੰਜਾਮ, ਜ਼ੰਜੀਰ, ਅਜੂਬਾ, ਵੰਸ਼ਜ਼, ਅਰਜੋਈ, ਵਜੂਦ, ਅਵਾਜਾਰ, ਜਜ਼ੀਰਾ, ਚੀਜ਼, ਜ਼ਰੂਰ ਆਦਿ।

## ਅਰਥ - ਭੇਦ

| | |
|---|---|
| ਮੋਗਾ - ਇੱਕ ਸ਼ਹਿਰ | ਮੋਘਾ - ਮੋਰਾ |
| ਬਾਗ਼ - ਬਗੀਚਾ | ਬਾਘ - ਇੱਕ ਜਾਨਵਰ |
| ਬੱਗੀ - ਚਿੱਟੀ | ਬੱਘੀ - ਇੱਕ ਸਵਾਰੀ |
| ਬਾਜ - ਇੱਕ ਪੰਛੀ | ਬਾਝ - ਬਿਨਾਂ |
| ਪੂੰਜੀ - ਸਰਮਾਇਆ | ਪੂੰਝੀ - ਸਾਫ਼ ਕੀਤੀ |
| ਸੂਜਣਾ - ਵੱਡਾ ਫੋੜਾ | ਸੁਝਣਾ - ਫੁਰਨਾ |
| ਕੰਡਾ - ਸੂਲ | ਕੰਢਾ - ਕਿਨਾਰਾ |
| ਗੀਡ - ਚੌਂਕੀ ਦਾ | ਗੀਢ - ਮਰੋੜੀ |
| ਸੌਂਡ - ਹਾਥੀ ਦੀ | ਸੂੰਢ - ਸੁੱਕਾ ਅਦਰਕ |
| ਦੁੱਖ - ਤਕਲੀਫ਼ | ਧੁੱਖ - ਧੁਖਣਾ |



Scanned by CamScanner

ਸੁਗੰਦ - ਸਹੁੰ ਸੁਗੰਧ – ਖ਼ੁਸ਼ਬੋ

ਕੰਦ - ਕੰਦ ਮੂਲ ਕੰਧ – ਦੀਵਾਰ

ਸਬ – ਛੋਟਾ ਸਭ – ਸਾਰੇ

ਗਰਬ- ਹੰਕਾਰ ਗਰਭ - ਪੇਟ

ਬੱਸ - ਖ਼ਤਮ ਭੱਸ - ਸੁਆਹ

ਬਾਰ - ਇੱਕ ਇਲਾਕਾ ਵਾਰ - ਦਿਨ

ਬੇਰ - ਇੱਕ ਫਲ ਵੇਰ – ਵਾਰੀ

ਬਾਲ- ਬੱਚਾ ਵਾਲ – ਕੇਸ

ਸਾਲ- ਵਰ੍ਹਾ ਸ਼ਾਲ –ਇੱਕ ਕੱਪੜਾ

ਸੇਰ -ਇੱਕ ਵਜ਼ਨ ਸ਼ੇਰ – ਇੱਕ ਜਾਨਵਰ

ਵਿਸਾਲ -ਮਿਲਾਪ ਵਿਸ਼ਾਲ- ਖੁੱਲ੍ਹਾ

ਰਾਜ - ਹਕੂਮਤ ਰਾਜ਼ – ਭੇਦ

ਜਾਲ - ਫਸਾਉਣ ਵਾਲ਼ਾ ਜ਼ਾਲ - ਉਰਦੂ ਦਾ ਅੱਖਰ

ਮਜਾ - ਫਬਾ ਮਜ਼ਾ – ਡੰਡ, ਦੰਡ

ਮਨ - ਦਿਲ ਮਣ – 40 ਸੇਰ ਦਾ

ਸਨ – ਉਹ ਆਏ ਸਨ ਸਣ – ਸਣ ਦੀ ਮੰਜੀ

ਹਾਨੀ- ਨੁਕਸਾਨ ਹਾਣੀ- ਇੱਕੋ ਉਮਰ ਦੇ

* ਗੁਰਬਾਣੀ ਦੇ ਸ਼ਬਦ-ਜੋੜ ਮੂਲ ਰੂਪ ਵਿੱਚ ਹੀ ਲਿਖਣੇ ਜਾਂ ਵਰਤਣੇ ਚਾਹੀਦੇ ਹਨ।



Scanned by CamScanner

# ਲੇਖਕ-ਪਾਠਕ ਮੰਚ ਮੁੱਦਕੀ
# ਦੇ ਮੁੱਖ ਉਦੇਸ਼

* ਪੰਜਾਬੀ ਮਾਂ ਬੋਲੀ ਨੂੰ ਪ੍ਰਫੁੱਲਿਤ ਕਰਨ ਲਈ ਉਪਰਾਲੇ।
* ਪੰਜਾਬੀ ਦੇ ਅਣਗੌਲੇ ਅਤੇ ਉੱਭਰਦੇ ਸਾਹਿਤਕਾਰਾਂ ਅਤੇ ਕਵੀਆਂ ਦਾ ਸਨਮਾਨ।
* ਸਕੂਲਾਂ ਵਿੱਚ ਸੁੰਦਰ ਲਿਖਾਈ ਅਤੇ ਵਿੱਦਿਅਕ ਮੁਕਾਬਲੇ ਕਰਵਾਉਣੇ।
* ਬਾਲ-ਸਾਹਿਤ ਵੰਡਣਾ।



ਜਗਤਾਰ ਸਿੰਘ ਸੋਖੀ
94171-66386
Jagtarsokhi@gmail.com
Fb. Jagtar Sokhi



ਜਗਮੀਰ ਸਿੰਘ ਪ੍ਰੀਤ ਸੋਖੀ
94172 96020
87279 51045

Scanned by CamScanner